ਮਿੱਠੇ ਬੱਚੇ:- "ਮਿੱਠੇ ਬੱਚੇ :- ਗਿਆਨ ਸਾਗਰ ਬਾਪ ਕੋਲੋਂ ਵਰਸਾ ਲੈਣਾ ਹੈ ਤਾਂ 21 ਨਾਖ਼ੁਨਾ ਦਾ ਜ਼ੋਰ ਦੇਕੇ ਵੀ ਪੜ੍ਹਾਈ ਜਰੂਰ ਪੜ੍ਹੋ ਪੜ੍ਹਾਈ ਨਾਲ ਹੀ ਰਾਜਾਈ ਅਤੇ ਜੀਵਨਮੁਕਤੀ ਪਦਵੀ ਪ੍ਰਾਪਤ ਹੋਵੇਗੀ।"

ਪ੍ਰਸ਼ਨ:- ਗਿਆਨ ਮਾਰਗ ਵਿੱਚ ਸਦਾ ਕਾਇਮ ਕੌਣ ਰਹਿ ਸਕਦਾ? ਉੱਚ ਪਦਵੀ ਦੀ ਪ੍ਰਾਪਤੀ ਦਾ ਆਧਾਰ ਕੀ ਹੈ?

ਉੱਤਰ:- ਜਿਨ੍ਹਾਂ ਨੂੰ ਪੜ੍ਹਾਈ ਦੇ ਸਿਵਾਏ ਦੂਸਰਾ ਕਿਸੇ ਵੀ ਗੱਲ ਦਾ ਸ਼ੋਕ ਨਹੀਂ ਹੈ, ਗਿਆਨ ਦੀ ਪਰਿਪਕਵ ਅਵਸਥਾ ਹੈ, ਉਹ ਹੀ ਇਸ ਗਿਆਨ ਮਾਰਗ ਵਿੱਚ ਕਾਇਮ ਰਹਿ ਸਕਦੇ ਹਨ। ਬਾਕੀ ਧਿਆਨ ਦੀਦਾਰ ਦੀ ਆਸ਼ ਰੱਖਣਾ, ਖੇਲਪਾਲ ਕਰਨਾ, ਇਸਨਾਲ ਕੋਈ ਫ਼ਾਇਦਾ ਨਹੀਂ, ਹੋਰ ਹੀ ਮਾਇਆ ਪ੍ਰਵੇਸ਼ ਕਰ ਲੈਂਦੀ ਹੈ ਫਿਰ ਬਾਪ ਦਾ ਹੱਥ ਅਤੇ ਪੜ੍ਹਾਈ ਛੱਡ ਦਿੰਦੇ ਹਨ। ਉੱਚ ਪਦਵੀ ਦੇ ਲਈ ਪੜ੍ਹਾਈ ਤੇ ਫੁੱਲ ਅਟੈਂਸ਼ਨ ਚਾਹੀਦਾ ਹੈ।

ਗੀਤ:- ਤੁਮਹੀ ਹੋ ਮਾਤਾ...

ਓਮ ਸ਼ਾਂਤੀ। ਓਮ ਸ਼ਾਂਤੀ ਦਾ ਅਰਥ ਤਾਂ ਬੱਚਿਆਂ ਨੂੰ ਸਮਝਾਇਆ ਗਿਆ ਹੈ। ਜੋ ਵੀ ਰਿਲੀਜੀਅਸ ਮਾਇੰਡਡ ਮਤਲਬ ਧਰਮਾਤਮਾ ਪੁਰਸ਼ ਹੁੰਦੇ ਹਨ, ਮੰਦਿਰ ਟਿਕਾਣੇ ਵਿੱਚ ਜਾਂਦੇ ਹਨ ਤਾਂ ਉਹਨਾਂ ਦੇ ਮੁਖ ਤੋਂ ਓਮ ਸ਼ਾਂਤੀ ਅੱਖਰ ਨਿਕਲਦਾ ਹੈ। ਪਰ ਉਹ ਅਰਥ ਨਹੀਂ ਸਮਝਦੇ। ਅਸੀਂ ਵੀ ਕਹਿੰਦੇ ਹਾਂ ਓਮ ਸ਼ਾਂਤੀ, ਅਹਿਮ ਆਤਮਾ। ਆਤਮਾ ਅੱਖਰ ਜਰੂਰ ਆਉਂਦਾ ਹੈ। ਸੁਪ੍ਰੀਮ ਸੋਲ ਮਤਲਬ ਆਤਮਾ ਕਹਿੰਦੀ ਹੈ ਓਮ ਸ਼ਾਂਤੀ। ਮੈਂ ਜੋ ਆਤਮਾ ਹਾਂ ਮੇਰਾ ਸਵੱਧਰਮ ਹੈ ਸ਼ਾਤ। ਆਤਮਾ ਆਪਣਾ ਆਕੂਪੇਸ਼ਨ ਦੱਸਦੀ ਹੈ। ਬਾਪ ਵੀ ਕਹਿੰਦੇ ਹਨ ਓਮ ਸ਼ਾਂਤੀ। ਮੈਂ ਵੀ ਆਤਮਾ ਹਾਂ ਪਰ ਮੈਨੂੰ ਪਰਮ ਆਤਮਾ ਕਹਿੰਦੇ ਹਨ ਕਿਉਂਕਿ ਮੈਂ ਸਦੈਵ ਪਰਮਧਾਮ ਵਿੱਚ ਰਹਿੰਦਾ ਹਾਂ। ਮੈਂ ਜਨਮ-ਮਰਨ ਵਿੱਚ ਨਹੀਂ ਆਉਂਦਾ ਹਾਂ। ਬਾਪ ਸਮੁੱਖ ਆਕੇ ਕਹਿੰਦੇ ਹਨ ਤੁਸੀਂ ਪੁਨਰਜਨਮ ਵਿੱਚ ਆਉਂਦੇ ਹੋ, ਤੁਸੀਂ ਦੇਹਧਾਰੀ ਹੋ। ਸੂਕਸ਼੍ਮਵਤਨ ਵਾਲੇ ਵੀ ਸੂਕਸ਼੍ਮ ਦੇਹਧਾਰੀ ਹਨ। ਮੈਂ ਇਹਨਾਂ ਤੋਂ ਪਰੇ ਹਾਂ। ਮੈਨੂੰ ਕੋਈ ਸਥੂਲ ਸ਼ਰੀਰ ਨਹੀਂ ਹੈ। ਸੂਕਸ਼੍ਮ ਸ਼ਰੀਰ ਵੀ ਕਹਿੰਦੇ ਹਨ - ਇਹ ਬ੍ਰਹਮਾ ਹੈ, ਇਹ ਵਿਸ਼ਨੂੰ, ਇਹ ਸ਼ੰਕਰ ਹੈ। ਨਾਮ ਤਾਂ ਸ਼ਰੀਰ ਦਾ ਹੋਇਆ ਨਾ। ਆਤਮਾ ਸ਼ਰੀਰ ਧਾਰਨ ਕਰਦੀ ਹੈ, ਉਦੋਂ ਸ਼ਰੀਰ ਤੇ ਨਾਮ ਪੈਂਦਾ ਹੈ। ਕਈ ਮਰਦੇ ਹਨ ਤਾਂ ਕਹਿਣਗੇ ਫਲਾਣੇ ਦਾ ਸ਼ਰੀਰ ਛੁੱਟ ਗਿਆ। ਨਾਮ ਤੇ ਸ਼ਰੀਰ ਤੇ ਰਹਿ ਜਾਂਦਾ ਹੈ ਦੂਸਰਾ ਸ਼ਰੀਰ ਲੈਂਦੇ ਹਨ। ਪਰਮਪਿਤਾ ਪਰਮਾਤਮਾ ਦੇ ਲਈ ਤਾਂ ਇਵੇਂ ਨਹੀਂ ਕਹਾਂਗੇ ਕਿ ਉਹ ਇੱਕ ਸ਼ਰੀਰ ਛੱਡ ਦੂਸਰਾ ਲੈਂਦੇ ਹਨ। ਸਭਦਾ ਸ਼ਰੀਰ ਤੇ ਨਾਮ ਪੈਂਦਾ ਹੈ। ਤੁਸੀਂ ਬੱਚੇ ਮੇਰੇ ਬਣਦੇ ਹੋ ਤਾਂ ਤੁਹਾਨੂੰ ਵੀ ਦੂਸਰਾ ਨਾਮ ਦਿੰਦਾ ਹਾਂ। ਜਿਵੇਂ ਗੁਰੂ ਲੋਕ ਨਾਮ ਦਿੰਦੇ ਹਨ ਨਾ। ਅੱਜਕਲ ਕੰਨਿਆ ਸ਼ਾਦੀ ਕਰਦੀ ਹੈ ਤਾਂ ਉਸਦਾ ਨਾਮ ਵੀ ਬਦਲਦਾ ਹੈ। ਪੁਰਸ਼ ਦਾ ਨਾਮ ਨਹੀਂ ਬਦਲਦਾ ਕਿਉਂਕਿ ਪੁਰਸ਼ ਨੂੰ ਤਾਂ ਧੰਦਾ ਕਰਨਾ ਹੈ ਆਪਣੇ ਨਾਮ ਨਾਲ। ਮਾਤਾਵਾਂ ਦਾ ਤੇ ਧੰਦਾ ਹੈ ਨਹੀਂ, ਇਸਲਈ ਉਹਨਾਂ ਦਾ ਨਾਮ ਬਦਲ ਸਕਦਾ ਹੈ। ਪੁਰਸ਼ਾਂ ਦਾ ਇੰਸਾਰੇਅੰਸ ਧੰਦੇ ਆਦਿ ਵਿੱਚ ਨਾਮ ਹੈ। ਹੁਣ ਬਾਪ ਸਮਝਾਉਂਦੇ ਹਨ - ਸਭ ਯਾਦ ਤਾਂ ਕਰਦੇ ਹਨ ਤੁਸੀਂ ਮਾਤ -ਪਿਤਾ ਹੋ ਅਤੇ ਸਾਥੀ ਹੋ, ਖਵਈਆ ਹੋ, ਤੁਸੀਂ ਸਾਨੂੰ ਨਾਲ ਲੈ ਚੱਲਦੇ ਹੋ। ਦੇਖੋ, ਕਿੰਨੇ ਸੰਬੰਧਾਂ ਵਿੱਚ ਆਉਂਦੇ ਹਨ। ਸ਼ਰੀਰ ਛੱਡਕੇ ਫਿਰ ਤੁਹਾਡੇ ਨਾਲ ਚੱਲਣਾ ਹੈ। ਤੁਸੀਂ ਬੱਚੇ ਜਾਣਦੇ ਹੋ - ਖਵਈਆ ਸਾਨੂੰ ਨਾਲ ਲੈ ਜਾਣਗੇ।

ਬਾਪ ਦੀ ਕਿੰਨੀ ਮਹਿਮਾ ਹੈ! ਫਿਰ ਉਹ ਕਦੋਂ ਆਉਣਗੇ? ਕਦੋਂ ਆਕੇ ਸਾਥੀ ਬਣਨਗੇ? ਇਹ ਨਹੀਂ ਜਾਣਦੇ। ਕਹਿੰਦੇ ਹਨ ਜਦੋਂ ਭਗਤੀ ਮਾਰਗ ਦਾ ਅੰਤ ਹੁੰਦਾ ਹੈ ਉਦੋਂ ਭਗਤਾਂ ਦੀ ਰੱਖਿਆ ਕਰਨ ਮੈਨੂੰ ਆਉਣਾ ਪੈਂਦਾ ਹੈ। ਮੈਂ ਖਵਈਆ ਬਣ ਵਾਪਿਸ ਲੈ ਜਾਣਾ ਹੈ। ਤੁਸੀਂ ਜਾਣਦੇ ਹੋ ਕਿਵੇਂ ਆਕੇ ਮਾਤ - ਪਿਤਾ ਬਣੇ ਹਨ। ਇਹਨਾਂ ਨੂੰ ਹੀ ਖਵਈਆ, ਗੁਰੂ ਕਿਹਾ ਕਿਹਾ ਜਾਂਦਾ ਹੈ। ਨਵੀਂ ਦੁਨੀਆਂ ਕਿਹਾ ਜਾਂਦਾ ਹੈ। ਛੀ - ਛੀ ਦੁਨੀਆ, ਜੀਵਨਬੰਧ ਤੋਂ ਜੀਵਨਮੁਕਤੀ ਵਿੱਚ ਲੈ ਜਾਂਦੇ ਹਨ ਇਸਲਈ ਉਨ੍ਹਾਂ ਨੂੰ ਪਤਿਤ - ਪਾਵਨ ਕਿਹਾ ਜਾਂਦਾ ਹੈ। ਨਵੀਂ ਦੁਨੀਆ ਕਿਹਾ ਜਾਂਦਾ ਹੈ - ਸਤਿਯੁਗ ਨੂੰ। ਦੁਨੀਆਂ ਤਾਂ ਇਹ ਹੀ ਹੈ ਨਾ, ਸਿਰਫ਼ ਪੁਰਾਣੀ ਦੁਨੀਆਂ ਦਾ ਵਿਨਾਸ਼ ਹੁੰਦਾ ਹੈ। ਜਿਵੇਂ ਪੁਰਾਣੀ ਦੁਨੀਆਂ ਘਰ ਵਿੱਚ ਰਹਿਕੇ ਨਵਾਂ ਬਣਾਏ ਫਿਰ ਪੁਰਾਣਾ ਘਰ ਛੱਡਣਾ ਹੁੰਦਾ ਹੈ ਨਾ, ਇਹ ਵੀ ਜਦੋਂ ਸਥਾਪਨਾ ਹੋ ਜਾਂਦੀ ਹੈ ਤਾਂ ਫਿਰ ਪੁਰਾਣੀ ਦੁਨੀਆਂ ਦਾ ਵਿਨਾਸ਼ ਹੁੰਦਾ ਹੈ। ਤ੍ਰਿਮੂਰਤੀ ਦਾ ਵੀ ਅਰਥ ਸਮਝਾਇਆ ਹੈ। ਬ੍ਰਹਮਾ ਦਵਾਰਾ ਸਵਰਗ ਦੀ ਸਥਾਪਨਾ ਕਰਨਾ - ਇਹ ਪਰਮਪਿਤਾ ਪਰਮਾਤਮਾ ਦਾ ਹੀ ਕੰਮ ਹੈ। ਉਹਨਾਂ ਦਵਾਰਾ ਕਰਾਉਂਦੇ ਹਨ ਕਿਉਂਕਿ ਕਰਨਕਰਾਵਨਹਾਰ ਹਨ। ਬਾਪ ਆਕੇ ਸਮੁੱਖ ਸਮਝਾਉਂਦੇ ਹਨ। ਬ੍ਰਹਮਾ ਦਵਾਰਾ ਸਹਿਜ ਰਾਜਯੋਗ ਅਤੇ ਗਿਆਨ ਤੁਸੀਂ ਬ੍ਰਹਮਾ ਮੁਖ ਵੰਸ਼ਾਵਾਲੀ ਨੂੰ ਬੈਠ ਸਿਖਾਉਂਦਾ ਹਾਂ। ਭਵਿੱਖ 21 ਜਨਮ ਦੇ ਲਈ ਤੁਸੀ ਸੋ ਦੇਵੀ - ਦੇਵਤਾ ਪਦਵੀ ਪਾਓਗੇ, ਨੰਬਰਵਾਰ ਪੁਰਸ਼ਾਰਥ ਅਨੁਸਾਰ।

ਤੁਸੀਂ ਜਾਣਦੇ ਹੋ ਅਸੀਂ ਮਾਤ - ਪਿਤਾ ਕੋਲੋਂ ਪੜ੍ਹ ਰਹੇ ਹਾਂ, ਇਹ ਹੈ ਹੀ ਈਸ਼ਵਰੀਏ ਵਿਸ਼ਵ - ਵਿਦਿਆਲਯ। ਜੇਕਰ ਪੜ੍ਹਾਈ ਨੂੰ ਛੱਡ ਦਵੋਗੇ ਤਾਂ ਸਮਝਿਆ ਜਾਏਗਾ ਇਹਨਾਂ ਦੀ ਤਕਦੀਰ ਵਿੱਚ ਨਹੀਂ ਹੈ। ਸਕੂਲ ਤਾਂ ਚੱਲਣਾ ਹੀ ਹੈ। ਬਾਬਾ ਆਕੇ ਇਸ ਬ੍ਰਹਮਾ ਤਨ ਦਵਾਰਾ ਪੜ੍ਹਾਉਂਦੇ ਹਨ। ਤਾਂ ਬੱਚੇ ਭਾਵੇਂ ਕਿਥੇ ਵੀ ਹੋਣ, ਕਿਸੇ ਵੀ ਸੈਂਟਰ ਤੇ ਹੋਣ, ਜਾਣਦੇ ਹਨ ਗਿਆਨ ਸਾਗਰ ਪਾਰਲੌਕਿਕ ਪਰਮਪਿਤਾ ਤੋਂ ਸਾਨੂੰ ਜੀਵਨਮੁਕਤੀ ਦਾ ਮਤਲਬ ਰਾਜਾਈ ਦਾ ਵਰਸਾ ਪਾਉਣਾ ਹੈ। ਜੇਕਰ ਅਸੀਂ ਪੜ੍ਹਾਈ ਛੱਡ ਦਵਾਂਗੇ ਤਾਂ ਵਰਸਾ ਪਾ

ਨਹੀਂ ਸਕਾਂਗੇ। ਬਾਪ ਤੇ ਆਏ ਹਨ ਨਾਲ ਲੈ ਜਾਣ। ਨਵੀਂ ਦੁਨੀਆਂ ਸਥਾਪਨ ਹੋ ਜਾਏਗੀ ਫਿਰ ਸਭਨੂੰ ਖਵਈਆ ਲੈ ਜਾਣਗੇ। ਤੁਸੀਂ ਖਵਈਆ ਨੂੰ ਵੀ ਜਾਣਦੇ ਹੋ ਅਤੇ ਜਿਨ੍ਹਾਂ ਦਵਾਰਾ ਸਥਾਪਨਾ, ਵਿਨਾਸ਼, ਪਾਲਣਾ ਕਰਾਉਂਦੇ ਹਨ ਉਹਨਾਂ ਨੂੰ ਵੀ ਤੁਸੀਂ ਜਾਣਦੇ ਹੋ। ਫਿਰ ਇਸ ਪੜ੍ਹਾਈ ਨਾਲ ਜੋ ਲਕਸ਼ਮੀ - ਨਾਰਾਇਣ ਬਣ ਰਾਜ ਕਰਦੇ ਹਨ ਉਹਨਾਂ ਨੂੰ ਵੀ ਤੁਸੀਂ ਜਾਣਦੇ ਹੋ। ਸਮਝਦੇ ਹੋ ਅਸੀਂ ਬਰੋਬਰ ਇਸ ਪੜ੍ਹਾਈ ਨਾਲ ਰਾਜਾਈ ਪਦਵੀ ਪ੍ਰਾਪਤ ਕਰ ਰਹੇ ਹਾਂ। ਜਿਨਾਂ ਜੋ ਪੜ੍ਹਨਗੇ... ਪੜ੍ਹਾਈ ਨਹੀਂ ਪੜ੍ਹਨਗੇ ਤਾਂ ਪਦਵੀ ਭ੍ਰਿਸ਼ਟ ਹੋ ਜਾਏਗੀ। ਇਹ ਹੈ ਰਾਜਯੋਗ ਦੀ ਪੜ੍ਹਾਈ। ਬਹੁਤ ਬੱਚੇ ਪੜ੍ਹਾਈ ਪੜਦੇ - ਪੜ੍ਹੇ ਥੱਕ ਜਾਂਦੇ ਹਨ। ਨਹੀਂ ਪੜ੍ਹਨਾ ਮਾਨਾ ਥੱਕ ਜਾਣਾ। ਕਹਿੰਦੇ ਹਨ - ਬਸ, ਅੱਗੇ ਅਸੀਂ ਨਹੀਂ ਪੜ੍ਹ ਸਕਦੇ ਹਾਂ। ਇਸ ਪੜ੍ਹਾਈ ਵਿੱਚ ਖ਼ਰਚੇ ਦੀ ਗੱਲ ਤਾਂ ਨਹੀਂ ਹੈ। ਉਸ ਪੜ੍ਹਾਈ ਵਿੱਚ ਗ਼ਰੀਬ ਵਿਚਾਰੇ ਪੜ੍ਹਾਈ ਦਾ ਪੈਸਾ ਨਹੀਂ ਦੇ ਸਕਦੇ ਹਨ ਤਾਂ ਪੜ੍ਹਾਈ ਛੱਡ ਦਿੰਦੇ ਹਨ। ਪਰ ਜਿਨ੍ਹਾਂ ਨੂੰ ਪੜ੍ਹਾਈ ਦਾ ਚੰਗਾ ਸ਼ੋਕ ਹੁੰਦਾ ਹੈ ਤਾਂ ਗੌਰਮਿੰਟ ਨੂੰ ਅਪਲਾਈ ਕਰਦੇ ਹਨ ਕਿ ਅਸੀਂ ਪੜ੍ਹਣਾ ਚਾਹੁੰਦੇ ਹਾਂ ਪਰ ਪੈਸਾ ਨਹੀਂ ਹੈ। ਫਿਰ ਉਨ੍ਹਾਂਨੂੰ ਗੌਰਮਿੰਟ ਪੈਸਾ ਦਿੰਦੀ ਹੈ। ਕਿਵੇਂ ਵੀ ਕਰਕੇ ਰਿਕਵੈਸਟ ਕਰਦੇ ਹਨ ਕਿ ਮੈਂ ਪੜ੍ਹਣਾ ਚਾਹੁੰਦਾ ਹੈ, ਮੇਰੇ ਬਾਪ ਦੇ ਕੋਲ ਪੈਸਾ ਨਹੀਂ ਹੈ, ਸਾਨੂੰ ਮਦਦ ਕਰੋ। ਗੌਰਮਿੰਟ ਪਾਸ ਪੈਸਾ ਨਾ ਹੋਣ ਕਾਰਨ ਰਿਫਯੂਜ਼ ਕਰ ਦਿੰਦੀ ਹੈ। ਸਮਝਦੇ ਹਨ ਸਾਨੂੰ ਪੜ੍ਹਣਾ ਤਾਂ ਜਰੂਰ ਹੈ ਫਿਰ ਕੀ ਕਰਨਗੇ? ਵੱਡੇ ਸਾਹੂਕਾਰ ਅਤੇ ਦਾਨੀ ਪੁਰਸ਼ ਦੇ ਕੋਲ ਜਾਣਗੇ। ਸਾਡੇ ਮਾਤਾ - ਪਿਤਾ ਗਰੀਬ ਹਨ ਅਸੀਂ ਪੜ੍ਹਕੇ ਸਰਵਿਸ ਕਰਨਾ ਚਾਹੁੰਦੇ ਹਾਂ, ਤੁਸੀਂ ਸਾਨੂੰ ਮਦਦ ਕਰ ਸਕੋਂਗੇ? ਰਿਲਿਜਸ ਮਾਇੰਡਡ ਜੋ ਹੋਣਗੇ ਉਹ ਮਦਦ ਦੇ ਦੇਣਗੇ। ਕੰਨਿਆਵਾਂ ਇਵੇਂ ਰਿਕਵੈਸਟ ਨਹੀਂ ਕਰ ਸਕਦੀਆਂ, ਪੁਰਸ਼ ਕਰ ਸਕਦੇ ਹਨ। ਪੜ੍ਹਾਈ ਨਾਲ ਇਨਕਮ ਬਹੁਤ ਹੁੰਦੀ ਹੈ। ਇੱਥੇ ਇਹ ਪੜ੍ਹਾਈ ਵੀ ਹੈ ਅਤੇ ਇਹ ਸੌਦਾ ਵੀ ਹੈ। ਬਾਪ ਸੌਦਾਗਰ, ਰਤਨਾਗਰ ਹਨ ਅਤੇ ਫਿਰ ਗਿਆਨ ਸਾਗਰ ਹਨ।

ਮਾਤ - ਪਿਤਾ ਬੇਹੱਦ ਦਾ ਗਿਆਨ ਸਾਗਰ ਕਹਿੰਦੇ ਹਨ - ਮੈਂ ਕਲਪ ਪਹਿਲੇ ਮੁਆਫਿਕ ਤੁਹਾਨੂੰ ਰਾਜਯੋਗ ਸਿਖਾਕੇ ਰਾਜਾਵਾਂ ਦਾ ਰਾਜਾ ਬਣਾਉਂਦਾ ਹਾਂ। ਸਭ ਪੁਆਇੰਟਸ ਧਾਰਨ ਕਰਨੀ ਹੈ। ਬਾਲਿਗ ਬੁੱਧੀ ਚੰਗੀ ਤਰ੍ਹਾਂ ਧਾਰਨ ਕਰ ਸਕਦੇ ਹਨ। ਬੁੱਧੀ ਤੇ ਹੀ ਸਾਰਾ ਮਦਾਰ ਹੈ। ਕੋਈ ਸਤੋਪ੍ਰਧਾਨ, ਕੋਈ ਦੀ ਸਤੋ, ਕੋਈ ਦੀ ਰਜੋ, ਤਮੋਂ ਬੁੱਧੀ ਹੈ। ਉਸ ਸਕੂਲ ਵਿੱਚ ਵੀ ਸਟੂਡੈਂਟਸ ਜਾਣਦੇ ਹਨ ਇਹਨਾਂ ਦੀ ਬੁੱਧੀ ਕਿਵੇਂ ਹੈ। ਸਤੋਪ੍ਰਧਾਨ ਬੁੱਧੀ ਵਾਲੇ ਪਾਸ ਵਿਦ ਆਨਰ ਹੁੰਦੇ ਹਨ। ਉਹਨਾਂ ਨੂੰ ਹੀ ਮਨੀਟਰ ਆਦਿ ਬਣਾਉਂਦੇ ਹਨ। ਸਕਾਲਰਸ਼ਿਪ ਵੀ ਮਿਲ ਜਾਂਦਾ ਹੈ। ਇਹ ਫਿਰ ਬੇਹੱਦ ਦਾ ਸਕੂਲ ਹੈ। ਇਸ ਵਿੱਚ ਵੀ ਸਤੋ, ਰਜੋ, ਤਮੋ ਬੁੱਧੀ ਹੈ। ਇਹ ਮਰਤਬਾ ਇੱਕ ਹੀ ਹੈ। ਇਹ ਹੈ ਰਾਜਯੋਗ। ਈਸ਼ਵਰੀ ਪੜ੍ਹਾਈ ਇੱਕ ਹੀ ਹੈ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਸਭ ਬੱਚਿਆਂ ਨੂੰ ਰਾਜਯੋਗ ਸਿਖਾਉਂਦਾ ਹਾਂ। ਤਾਂ ਜਿਨਾਂ ਪੁਰਸ਼ਾਰਥ ਕਰੋਗੇ ਓਨਾ ਉੱਚ ਪਦਵੀ ਪਾਓਗੇ। ਉੱਚ ਪਦਵੀ ਨੂੰ ਤੇ ਸਮਝ ਗਏ ਹੋ। ਨੰਬਰਵਾਰ ਪਦਵੀ ਪਾਉਣਗੇ। ਬਾਪ ਦਾ ਤਾਂ ਲਵ ਸਭ ਤੇ ਹੈ। ਸਭਨੂੰ ਮਾਇਆ ਦੀਆਂ ਜੰਜੀਰਾਂ ਤੋਂ ਛੁਡਾਉਣ ਆਏ ਹਨ। ਹੋਰ ਕੋਈ ਇਵੇਂ ਕਹਿ ਨਹੀਂ ਸਕਣਗੇ ਕਿ ਕਲਪ - ਕਲਪ ਅਸੀਂ ਤੁਹਾਨੂੰ ਰਾਜਯੋਗ ਸਿਖਾਉਂਦੇ ਹਾਂ। ਇਹ ਬਾਪ ਹੀ ਕਹਿੰਦੇ ਹਨ ਕਲਪ - ਕਲਪ, ਕਲਪ ਦੇ ਸੰਗਮਯੁਗੇ ਆਉਂਦਾ ਹਾਂ। ਮਨੁੱਖਾਂ ਨੇ ਫਿਰ ਯੁਗੇ - ਯੁਗੇ ਲਿਖ ਕਿੰਨੀ ਭੁੱਲ ਕਰ ਦਿੱਤੀ ਹੈ। ਬਾਪ ਕਹਿੰਦੇ ਹਨ ਮੈਂ ਪਤਿਤ - ਪਾਵਨ ਹਾਂ। ਮੈਂ ਆਉਂਦਾ ਹੀ ਹਾਂ ਤੁਹਾਨੂੰ ਪਾਵਨ ਬਣਾਉਣ, ਕਲਿਯੁਗ ਅੰਤ ਅਤੇ ਸਤਿਯੁਗ ਆਦਿ ਦੇ ਸੰਗਮ ਤੇ। ਇਸ ਸਮੇਂ ਬਾਬਾ ਆਇਆ ਹੋਇਆ ਹੈ ਤਾਂ ਚੰਗੀ ਤਰ੍ਹਾਂ ਪੜ੍ਹਣਾ ਹੈ, ਵਿਨਾਸ਼ ਵੀ ਹੋਣ ਵਾਲਾ ਹੈ। 20 ਨਾਖ਼ੁਨ ਦਾ ਜ਼ੋਰ ਦੇਕੇ ਪੜ੍ਹਨਾ ਹੈ, ਹਿੰਮਤ ਦਿਖਾਉਣੀ ਹੈ। ਪੜ੍ਹਾਈ ਨਹੀਂ ਛੱਡਣੀ ਹੈ। ਜੋ ਪੜ੍ਹਾਈ ਛੱਡ ਦਿੰਦੇ ਹਨ ਉਹ ਨਾਪਾਸ ਹੋ ਡਿੱਗ ਜਾਂਦੇ ਹਨ। ਬੱਚਿਆਂ ਨੂੰ ਸਾਵਧਾਨੀ ਮਿਲਦੀ ਹੈ। ਕੋਈ ਵੀ ਕਾਮ ਅਤੇ ਕ੍ਰੋਧ ਦਾ ਜਾਂ ਲੋਭ ਦਾ ਭੂਤ ਨਹੀਂ ਆਉਣਾ ਚਾਹੀਦਾ। ਦਿਲ ਦਰਪਣ ਵਿੱਚ ਆਪਣੇ ਨੂੰ ਵੇਖਦੇ ਰਹੋ - ਮੈਂ ਲਾਇਕ ਹਾਂ ਲਕਸ਼ਮੀ ਨੂੰ ਵਰਣ ਦੇ? ਨਾਰਦ ਦਾ ਵੀ ਇੱਕ ਮਿਸਾਲ ਲਗਾ ਦਿੱਤਾ ਹੈ। ਭਗਤ ਤਾਂ ਤੁਸੀਂ ਸਾਰੇ ਹੋ ਨਾ। ਭਗਤੀ ਮਾਰਗ ਵਿੱਚ ਮੇਲਜ਼ ਵਿੱਚ ਨਾਰਦ ਉੱਤਮ ਗਾਇਆ ਹੋਇਆ ਹੈ ਅਤੇ ਫੀਮੇਲਜ ਵਿੱਚ ਮੀਰਾ। ਉਹ ਹੈ ਭਗਤੀ ਮਾਰਗ। ਗਿਆਨ ਮਾਰਗ ਵਿੱਚ ਫਿਰ ਵੇਖਦੇ ਹੋ - ਮੰਮਾ ਬਾਬਾ ਦਾ ਨਾਮ ਬਾਲਾ ਹੈ। ਫਿਰ ਉਨ੍ਹਾਂ ਦੀ ਵਿਜੇ ਮਾਲਾ ਵੀ ਬਣੀ ਹੋਈ ਹੈ। ਸਿਮਰਨ ਉਨ੍ਹਾਂ ਨੂੰ ਕੀਤਾ ਜਾਂਦਾ ਹੈ ਜੋ ਸੁਖ ਦਿੰਦੇ ਹਨ। ਉਸ ਦਾ ਯਾਦਗਰ ਬਣਾਉਂਦੇ ਹਨ। ਹੁਣ ਉਨ੍ਹਾਂ ਨੇ ਕੀ ਕੀਤਾ? ਕਿਸੇ ਨੇ ਕਰਕੇ ਕਾਲੇਜ਼ ਖੋਲ, ਦਾਨ - ਪੁੰਨ ਬਹੁਤ ਕੀਤਾ, ਹੋਰ ਕੀ ਕਰਨਗੇ? ਹੁਣ ਫਿਰੰਗੀਆਂ ਤੋਂ ( ਅੰਗਰੇਜ਼ਾਂ ਤੋਂ ) ਰਾਜ ਲੈ ਕਾਂਗ੍ਰੇਸ ਨੇ ਰਾਜ ਕੀਤਾ। ਬਾਪ ਕਹਿੰਦੇ ਹਨ ਇਹ ਤਾਂ ਰੁਣਯ ਦੇ ਪਾਣੀ ( ਮ੍ਰਿਗ ਤ੍ਰਿਸ਼ਨਾ ) ਮਿਸਲ ਰਾਜ ਹੈ। ਭਾਵੇਂ ਕਿੰਨੇ ਵੀ ਸੁਖ ਹਨ ਪ੍ਰੰਤੂ ਇਹ ਹਨ ਸਭ ਰੁਣਯ ਦੇ ਪਾਣੀ ਮਿਸਲ। ਬਾਹਰ ਦਾ ਭਭਕਾ ਬਹੁਤ ਹੈ। ਇਹ ਸਾਇੰਸ ਵੀ 100 ਵਰ੍ਹੇ ਚਲਦੀ ਹੈ। ਇਹ ਦਾਦਾ ਜਦੋਂ ਬਾਮਬੇ ਵਿੱਚ ਸਰਵਿਸ ਤੇ ਸੀ ਤਾਂ ਇਹ ਬਿਜਲੀ - ਟੈਲੀਫੂਨ ਆਦਿ ਕੁਝ ਨਹੀਂ ਸਨ। ਹੁਣ ਸਾਇੰਸ ਨੇ ਕਿਨਾਂ ਕਮਾਲ ਕੀਤਾ ਹੈ। ਹੁਣ ਬਾਕੀ ਥੋੜੇ ਵਰ੍ਹੇ ਹਨ। ਸਾਇੰਸ ਦਾ ਘਮੰਡ 100 ਵਰ੍ਹੇ ਤੋਂ ਸ਼ੁਰੂ ਹੋਇਆ ਹੈ। ਸਤਿਯੁਗ ਦੇ 100 ਵਰ੍ਹੇ ਵਿਚ ਤੇ ਪਤਾ ਨਹੀਂ ਕੀ ਕਰ ਦੇਣਗੇ। ਉੱਥੇ ਇਨ੍ਹਾਂ ਸਭ ਚੀਜਾਂ ਵਿੱਚ ਬਲ ਰਹਿੰਦਾ ਹੈ ਜੋ ਤੁਸੀਂ ਇੱਥੇ ਤੋਂ ਲੈ ਜਾਂਦੇ ਹੋ। ਅਖੰਡ , ਅਟਲ, ਸੁਖ - ਸ਼ਾਂਤੀਮਯ ਰਾਜ ਕਰਨ ਲਈ ਤੁਸੀਂ ਬਲ ਲੈ ਜਾਂਦੇ ਹੋ। ਤਾਂ ਪੜਾਈ ਤੇ ਇਨਾਂ ਅਟੈਂਸ਼ਨ ਦੇਣਾ ਚਾਹੀਦਾ ਹੈ, ਇਤਨਾ ਪੁਰਸ਼ਾਰਥ ਕਰਨਾ ਚਾਹੀਦਾ ਹੈ।

ਤੁਸੀਂ ਜਾਣਦੇ ਹੋ ਇਸ ਮਾਤ - ਪਿਤਾ ਤੋਂ ਸੁਖ ਘਨੇਰੇ ਮਿਲਦੇ ਹਨ ਫਿਰ ਜੇਕਰ ਚਲਦੇ - ਚਲਦੇ ਛੱਡ ਦਿੰਦੇ ਹਨ ਤਾਂ ਗੋਇਆ ਸੁਣਦੇ ਹੀ ਨਹੀਂ। ਨਾ ਸੁਣਿਆ ਜਾਕੇ ਧੰਧੇ ਧੋਰੀ ਵਿੱਚ ਲੱਗਾ ਤਾਂ ਖਲਾਸ। ਜੋ ਪਾਇਆ ਸੋ ਪਾਇਆ। ਹੱਥ ਛੱਡਣ ਤੋਂ ਬਾਅਦ ਫਿਰ ਮਾਇਆ ਇੱਕਦਮ ਹਪ ਕਰ ਲੈਂਦੀ ਹੈ। ਗਜ ਨੂੰ ਮਾਇਆ ਗ੍ਰਾਹ ਨੇ ਹਪ ਕਰ ਲਿਆ। ਇਹ ਤਾਂ ਹੋਣਾ ਹੀ ਹੈ। ਤੁਸੀਂ ਵੇਖਦੇ ਵੀ ਹੋ - ਕਿਵੇਂ ਚੰਗੇ - ਚੰਗੇ, ਵੱਡੇ - ਵੱਡੇ ਨਿਮੰਤਰਣ ਦੇਣ ਵਾਲੇ, ਸੈਂਟਰ ਖੋਲਣ ਵਾਲੇ ਵੀ ਪੜਾਈ ਨੂੰ ਛੱਡ ਦਿੰਦੇ ਹਨ। ਕਹਿਣਗੇ - ਡਰਾਮਾ ਅਨੁਸਾਰ ਇਨ੍ਹਾਂ ਦੀ ਤਕਦੀਰ ਵਿੱਚ ਇਤਨਾ ਹੀ ਸੀ। ਫਿਰ ਉਨ੍ਹਾਂ ਦਾ ਕੀ ਹਾਲ ਹੋਵੇਗਾ? ਮਾਇਆ ਇੱਕਦਮ ਖਾ ਲੈਂਦੀ ਹੈ। ਕਿੰਨੇ ਖਤਮ ਹੋਏ। ਬਹੁਤ ਧਿਆਨ ਵਿੱਚ

ਜਾਣ ਵਾਲੇ, ਖੇਲ - ਪਾਲ ਕਰਨ ਵਾਲੇ ਅੱਜ ਹਨ ਨਹੀਂ। ਇਹ ਧਿਆਨ - ਦੀਦਾਰ ਦੀਆਂ ਆਸ਼ਾਵਾਂ ਕਦੇ ਨਹੀਂ ਰੱਖਣੀਆਂ ਚਾਹੀਦੀਆਂ। ਆਸ਼ਾ ਰੱਖਦੇ ਹਨ ਤਾਂ ਆਸ਼ਾ ਵਿੱਚ ਵਿਘਨ ਪੈ ਜਾਂਦੇ ਹਨ। ਮਾਇਆ ਦੇ ਭੂਤ ਵੀ ਪ੍ਰਵੇਸ਼ ਕਰ ਲੈਂਦੇ ਹਨ। ਧਿਆਨ ਦਾ ਕਿਨਾਂ ਪਾਰਟ ਵਜਾਉਂਦੇ ਸਨ। ਜੋ ਪੰਜ - ਸਤ ਰੋਜ਼ ਧਿਆਨ ਵਿੱਚ ਬਚਪਨ ਦੇ ਪਾਰਟ ਵਿੱਚ ਰਹਿੰਦੇ ਸਨ, ਮਹਾਰਾਣੀ ਬਣ ਜਾਂਦੇ ਸਨ, ਅੱਜ ਉਹ ਹਨ ਨਹੀਂ। ਇਸ ਤੋਂ ਕੋਈ ਫਾਇਦਾ ਨਹੀਂ। ਗਿਆਨ ਦੀ ਪਰੀਪਕਵ ਅਵਸਥਾ ਵਾਲੇ ਹੀ ਕਾਇਮ ਰਹਿ ਸਕਦੇ ਹਨ। ਕਦੇ ਵੀ ਧਿਆਨ ਵਿੱਚ ਜਾਣ ਦੀ ਆਸ ਨਹੀਂ ਰੱਖਣੀ ਚਾਹੀਦੀ। ਬਾਬਾ ਜੋ ਪੜ੍ਹਾਉਂਦੇ ਹਨ ਉਹ ਧਾਰਨ ਕਰਨਾ ਹੈ। ਜਿੰਨਾਂ ਪੜ੍ਹੋਗੇ ਉਤਨਾ ਉੱਚ ਪਦਵੀ ਪਾਵੋਗੇ। ਤੁਸੀਂ ਬੱਚਿਆਂ ਨੂੰ ਵੀ ਯਾਦ ਰੱਖਣਾ ਹੈ ਸਾਨੂੰ ਪਰਮਪਿਤਾ ਪਰਮਾਤਮਾ ਪੜ੍ਹਾਉਂਦੇ ਹਨ। ਅਸੀਂ ਪੜ੍ਹਕੇ 21 ਜਨਮ ਦੇ ਲਈ ਉੱਚ ਪਦਵੀ ਪਾਉਂਦੇ ਹਾਂ ਫਿਰ ਅਸੀਂ ਹੀ ਪੂਜੀਏ ਤੋਂ ਪੁਜਾਰੀ ਬਣਦੇ ਹਾਂ। ਜੋ ਬ੍ਰਾਹਮਣ ਕੁਲ ਦੇ ਬਣਦੇ ਹਨ ਉਹ ਹੀ ਇਵੇਂ ਕਹਿ ਸਕਦੇ ਹਨ। ਦੂਸਰਾ ਕੋਈ ਕਹਿ ਨਹੀਂ ਸਕਦਾ। ਭਾਰਤ ਦਾ ਹੀ ਖੇਲ ਬਣਿਆ ਹੋਇਆ ਹੈ। ਤੁਸੀਂ ਕਹੋਗੇ ਅਸੀਂ ਪੂਜੀਏ ਤੋਂ ਸੋ ਦੇਵੀ - ਦੇਵਤਾ ਬਣਦੇ ਹਾਂ। ਪੂਜੀਏ ਹੀ ਫਿਰ ਡਿੱਗਕੇ ਪੂਰਾ 84 ਜਨਮ ਲੈਂਦੇ ਹਨ। ਬੱਚਿਆਂ ਨੂੰ ਇਹ ਸਭ ਪਤਾ ਹੈ। ਸ਼ਿਵਬਾਬਾ ਦਾ ਆਕੂਪੇਸ਼ਨ ਵੀ ਤੁਸੀਂ ਜਾਣਦੇ ਹੋ। ਸੈਕਿੰਡ ਵਿੱਚ ਨਿਸ਼ਚੇ ਨਾਲ ਤੁਸੀਂ ਵਰਸਾ ਲੈ ਸਕਦੇ ਹੋ। ਕਹਿੰਦੇ ਹਨ ਅਸੀਂ ਈਸ਼ਵਰ ਦੇ ਬਣੇ ਹਾਂ ਫਿਰ ਈਸ਼ਵਰ ਨੂੰ ਫਾਰਗਤੀ ਦੇਣਾ - ਵੰਡਰ ਹੈ ਨਾ। ਸਕੂਲ ਵਿੱਚ ਪੜ੍ਹਦੇ ਹਨ, ਚੰਗੇ ਨੰਬਰ ਵਿੱਚ ਪਾਸ ਹੋਇਆ ਤਾਂ ਉਨ੍ਹਾਂ ਨੂੰ ਸਪੂਤ ਸਮਝਿਆ ਜਾਵੇਗਾ। ਸਟੂਡੈਂਟ ਆਪਣੇ ਨੂੰ ਵੀ ਸਪੂਤ ਸਮਝੇਗਾ। ਬਾਪ ਅਤੇ ਟੀਚਰ ਵੀ ਕਹਿਣਗੇ ਇਹ ਸਪੂਤ ਹੈ। ਇਹ ਤਾਂ ਬਾਪ, ਟੀਚਰ, ਗੁਰੂ ਇੱਕ ਹੀ ਹੈ। ਬਾਪ ਵੀ ਹੈ ਫਿਰ ਟੀਚਰ ਬਣ ਸਾਨੂੰ ਪੜ੍ਹਾਉਂਦੇ ਹਨ ਫਿਰ ਨਾਲ ਵੀ ਲੈ ਜਾਣਗੇ। ਬਾਪ ਕਹਿੰਦੇ ਹਨ ਅਸੀਂ ਨਾਲ ਇੱਕਠੇ ਚੱਲਾਂਗੇ। ਤੁਹਾਡੀ ਜੋਤ ਬੁੱਝ ਗਈ ਸੀ, ਹੁਣ ਜਗ ਰਹੀ ਹੈ। ਸਾਡੀ ਜੋਤ ਸਦਾ ਜਗੀ ਹੋਈ ਹੈ। ਹੈ ਸਾਰੀ ਆਤਮਾ ਦੀ ਹੀ ਗੱਲ। ਤੁਸੀਂ ਜਾਣਦੇ ਹੋ ਕਿ ਅਸੀਂ ਆਤਮਾ ਅਸ਼ਰੀਰੀ ਆਈ ਫਿਰ ਅਸ਼ਰੀਰੀ ਹੋ ਜਾਣਾ ਹੈ। ਸਾਡਾ ਖੇਲ੍ਹ ਪੂਰਾ ਹੋਕੇ ਫਿਰ ਰਪੀਟ ਹੋਣਾ ਹੈ। ਇਹ ਤੁਹਾਨੂੰ ਬੱਚਿਆਂ ਨੂੰ ਬੁੱਧੀ ਵਿੱਚ ਸਮਝ ਹੈ।

ਤੁਸੀਂ ਮਾਤ - ਪਿਤਾ... ਤੁਹਾਡੀ ਪੜ੍ਹਾਈ ਦੀ ਕ੍ਰਿਪਾ ਨਾਲ ਸਾਨੂੰ ਕਿੰਨੇ ਸੁਖ ਘਨੇਰੇ ਮਿਲਦੇ ਹਨ। ਅਜਿਹੇ ਮਾਤਾ - ਪਿਤਾ ਨੂੰ ਕਦੇ ਭੁੱਲਣਾ, ਛੱਡਣਾ ਨਹੀਂ ਚਾਹੀਦਾ। ਬਾਪ ਕਹਿੰਦੇ ਹਨ ਅਜਿਹੇ ਮਾਤਾ - ਪਿਤਾ, ਬਾਪਦਾਦਾ ਨੂੰ, ਜੋ ਤੁਹਾਨੂੰ ਇਨਾਂ ਵਰਸਾ ਦਿੰਦੇ ਹਨ, ਚਿੱਠੀ ਲਿਖਦੇ ਰਹਿਣਗੇ ਤਾਂ ਬਾਬਾ ਸਮਝਣਗੇ - ਯਾਦ ਕਰਦੇ ਹਨ। ਬਾਬਾ ਦੀ ਤਾਂ ਰੋਜ਼ ਯਾਦ - ਪਿਆਰ ਜਾਂਦੀ ਹੀ ਹੈ ਮੁਰਲੀ ਵਿੱਚ। ਬੱਚਿਆਂ ਦੀ ਚਿੱਠੀ ਦੇਰੀ ਨਾਲ ਆਵੇਗੀ ਤਾਂ ਸਮਝਾਂਗੇ ਪੂਰਾ ਯਾਦ ਨਹੀਂ ਕਰਦੇ ਹਨ। ਬਾਪ ਨੂੰ ਤੇ ਲਿਖਣ ਦੀ ਲੋੜ ਨਹੀਂ ਹੈ। ਬਾਪ ਦੀ ਤੇ ਰੋਜ਼ ਮੁਰਲੀ ਜਾਂਦੀ ਹੈ। ਯਾਦ - ਪਿਆਰ ਬਾਬਾ ਦਿੰਦੇ ਹੀ ਹਨ। ਉਹ ਤੇ ਜਗਦੀ ਜੋਤ ਹਨ। ਬੱਚਿਆਂ ਨੂੰ ਸਮਝਾਉਂਦੇ ਹਨ ਪਤ੍ਰ ਜਰੂਰ ਲਿਖਦੇ ਰਹੋ। ਅਨੰਨਿਆਂ ਬੱਚਿਆਂ ਦੀ ਫ਼ਿਕਰ ਨਹੀਂ ਰਹਿੰਦੀ ਹੈ। ਹਿਲਣ ਵਾਲਿਆਂ ਨੂੰ ਸਾਵਧਾਨੀ ਦਿੱਤੀ ਜਾਂਦੀ ਹੈ - ਭੁੱਲ ਨਹੀਂ ਜਾਣਾ, ਪੜ੍ਹਦੇ ਰਹਿਣਾ। ਸਮਾਚਾਰ ਤੇ ਬਾਬਾ ਦੇ ਕੋਲ ਸਭ ਆਉਂਦੇ ਹਨ ਨਾ। ਰਜਿਸਟਰ ਵਿੱਚ ਨਾਮ ਦਾਖਿਲ ਰਹਿੰਦਾ ਹੈ। ਪੁੱਛਦੇ ਹਨ ਇਹ ਬੱਚਾ ਅਬਸੈਂਟ ਕਿਓਂ ਹੈ? ਰੋਜ ਅਬਸੇਂਟ ਰਹਿੰਦੇ ਤਾਂ ਸਮਝਿਆ ਜਾਂਦਾ - ਮਰ ਗਿਆ। ਬਾਬਾ ਪੁੱਛਦੇ ਹਨ - ਫਲਾਣੇ ਬੱਚੇ ਦਾ ਕੋਈ ਸਮਾਚਾਰ ਨਹੀਂ ਆਇਆ ਹੈ? ਤਾਂ ਲਿਖਦੇ ਹਨ ਫਲਾਣਾ ਹੁਣ ਆਉਂਦਾ ਹੀ ਨਹੀਂ ਹੈ, ਸੰਸ਼ੇ ਬੁੱਧੀ ਹੋ ਗਿਆ ਹੈ। ਅੱਛਾ, ਅੱਗੇ ਚੱਲਕੇ ਸ਼ਾਇਦ ਨਿਸ਼ਚੇਬੁੱਧੀ ਹੋ ਜਾਵੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਵਿਜੇ ਮਾਲਾ ਵਿਚ ਆਉਣ ਦੀ ਹਿੰਮਤ ਵਿਖਾਉਣੀ ਹੈ। ਸਿਮਰਨ ਲਾਇਕ ਬਣਨ ਦੇ ਲਈ ਸਭ ਨੂੰ ਸੁਖ ਦੇਣਾ ਹੈ।

**2.** ਸਪੂਤ ਸਟੂਡੈਂਟ ਬਣ ਬਾਪ - ਟੀਚਰ ਦਾ ਨਾਮ ਬਾਲਾ ਕਰਨਾ ਹੈ। ਕਦੇ ਵੀ ਕਾਮ ਜਾਂ ਕ੍ਰੋਧ ਦੇ ਭੂਤ ਦੇ ਅਧੀਨ ਹੋ ਉਲਟਾ ਕੰਮ ਨਹੀਂ ਕਰਨਾ ਹੈ।

ਵਰਦਾਨ:- ਕਰਨਕਰਾਵਨਹਾਰ ਦੀ ਸਮ੍ਰਿਤੀ ਨਾਲ ਵਿਘਨਾਂ ਦੇ ਬੀਜ ਨੂੰ ਖਤਮ ਕਰਨ ਵਾਲੇ ਸਮਰਥ ਆਤਮਾ ਭਵ

ਸਭ ਤਰ੍ਹਾਂ ਦੇ ਵਿਘਨਾਂ ਦਾ ਬੀਜ ਦੋ ਸ਼ਬਦਾਂ ਵਿਚ ਹੈ: 1. ਅਭਿਮਾਨ ਅਤੇ 2. ਅਪਮਾਨ। ਸੇਵਾ ਦੇ ਖੇਤਰ ਵਿੱਚ ਜਾਂ ਤਾ ਅਭਿਮਾਨ ਆਉਂਦਾ ਹੈ ਕਿ ਮੈਂ ਇਹ ਕੀਤਾ, ਮੈਂ ਹੀ ਕਰ ਸਕਦਾ ਹਾਂ... ਜਾਂ ਤੇ ਮੈਨੂੰ ਅੱਗੇ ਕਿਓਂ ਨਹੀਂ ਰੱਖਿਆ ਗਿਆ, ਮੈਨੂੰ ਇਹ ਕਿਓਂ ਕਿਹਾ ਗਿਆ, ਇਹ ਮੇਰਾ ਅਪਮਾਨ ਕੀਤਾ ਗਿਆ। ਇਹ ਹੀ ਭਾਵਨਾ ਵੱਖ - ਵੱਖ ਵਿਘਨਾਂ ਦੇ ਰੂਪ ਵਿਚ ਆਉਂਦੀ ਹੈ। ਜਦ ਖੁਦਾਈ ਖ਼ਿਦਮਤਗਾਰ ਹੋ, ਕਰਨਕਰਾਵਨਹਾਰ ਬਾਪ ਹੈ ਤਾਂ ਅਭਿਮਾਨ ਕਿੱਥੋਂ ਆਇਆ, ਅਪਮਾਨ ਕਿੱਥੋਂ ਹੋਇਆ? ਇਸਲਈ ਕੰਬਾਈਨਡ ਰੂਪ ਦੀ ਸਮ੍ਰਿਤੀ ਦਵਾਰਾ ਸਮਰਥ ਆਤਮਾ ਬਣੋ ਤਾਂ ਵਿਘਨਾਂ ਦਾ ਬੀਜ ਸਦਾ ਦੇ ਲਈ ਸਮਾਪਤ ਹੋ ਜਾਵੇਗਾ।

ਸਲੋਗਨ:- ਗਿਆਨ ਸਵਰੂਪ ਬਣਨਾ ਹੈ ਤਾਂ ਬਾਪ ਅਤੇ ਪੜ੍ਹਾਈ ਨਾਲ ਸਮਾਨ ( ਇਕੋ ਜਿਹਾ ) ਪਿਆਰ ਹੋਵੇ।

******